ਮਿਤੀ :. 2 ਜੂਨ 2018

ਵਾਪਸੀ ਮਿਤੀ : 17 ਜੁਲਾਈ 2018

# ਪੰਜਾਬੀ - ਤੀਜੀ ਭਾਸ਼ਾ

# ਅਭਿਆਸ ਦਾ ਪ੍ਰਸ਼ਨ-ਪੱਤਰ

ਜਮਾਤ : ਛੇਵੀਂ

ਸੈਕਸ਼ਨ : ਸੀ

ਕੁੱਲ ਅੰਕ : 80

ਪਾਠਕ੍ਰਮ : ਕਵਿਤਾ 'ਸਭ ਦਾ ਕਰੋ ਸਤਿਕਾਰ', ਪਾਠ - ਅੱਧੀ ਛੁੱਟੀ ਦਾ ਦਿਨ, ਸੁਰੀਲੀ ਅਵਾਜ਼ ਦਾ ਜਾਦੂਗਰ, ਬਾਬਾ ਬਗੀਚਾ, ਵਚਨ, ਲਿੰਗ, ਵਿਰੋਧੀ, ਅਗੇਤਰ, ਮੁਹਾਵਰੇ, ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ, ਲੇਖ, ਬਿਨੈ-ਪੱਤਰ, ਅਣਡਿੱਠਾ ਪੈਰ੍ਹਾ, ਅਣਡਿੱਠੀ ਕਵਿਤਾ, ਤਸਵੀਰ ਵੇਖ ਕੇ ਸਤਰਾਂ।

1) ਹੇਠ ਲਿਖੇ ਸ਼ਬਦਾਂ ਦਾ ਅਰਥ ਲਿਖੋ: (3)

ੳ) ਦੁਸ਼ਵਾਰ ਅ) ਦਿਲਚਸਪੀ ੲ) ਘਾਟ ਸ) ਸੁਰੀਲੀ

ਹ) ਹਾਣੀ ਕ) ਪ੍ਰਬਲ

2) ਹੇਠ ਦਿੱਤੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ: (3)

ੳ) ਰੰਹਿਦਾ ਅ) ਵੱਢਿਆਂ ੲ) ਵਰਤਨ ਸ) ਹੌਂਸਲਾ

ਹ) ਚਾਹਿਦਾ ਕ) ਵਿਦਿਆ

3) ਹੇਠ ਦਿੱਤੇ ਗਏ ਸ਼ਬਦਾਂ ਦੇ ਵਚਨ ਬਦਲ ਕੇ ਲਿਖੋ: (3)

ੳ) ਸੋਟਾ ਅ) ਹੱਟੀ ੲ) ਜਮਾਤ ਸ) ਕੁੜੀਆਂ

ਹ) ਕਿੱਲੀ ਕ) ਪੈਸਾ

4) ਹੇਠਾਂ ਦਿੱਤੇ ਗਏ ਵਾਕਾਂ ਦੇ ਵਚਨ ਬਦਲ ਕੇ ਵਾਕ ਦੁਬਾਰਾ ਲਿਖੋ: (2)

ੳ) ਮੇਰਾ ਭਰਾ ਚੰਗਾ ਹੈ। ਅ) ਮੱਖੀ ਉੱਡ ਰਹੀ ਹੈ।

5) ਹੇਠ ਦਿੱਤੇ ਗਏ ਸ਼ਬਦਾਂ ਦੇ ਲਿੰਗ ਬਦਲ ਕੇ ਲਿਖੋ: (3)

ੳ) ਘੁਮਿਆਰ ਅ) ਕੁੜਮ ੲ) ਸੂਬੇਦਾਰ ਸ) ਉਪਦੇਸ਼ਕ

ਹ) ਸ਼ਹਿਰੀ ਕ) ਨਾਇਕ

6) ਹੇਠਾਂ ਦਿੱਤੇ ਗਏ ਸ਼ਬਦਾਂ ਦੇ ਲਿੰਗ ਬਦਲ ਕੇ ਵਾਕ ਬਣਾਓ: (2)

ੳ) ਤਰਖਾਣ ਖ) ਮੋਰਨੀ

7) ਹੇਠਾਂ ਦਿੱਤੇ ਗਏ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ: (3)

ੳ) ਉਰਲਾ ਅ) ਓਹਲੇ ੲ) ਆਪਣਾ ਸ) ਆਸ਼ਾ

ਹ) ਅਗੇਤਰ ਕ) ਅੰਤ

8) ਹੇਠਾਂ ਦਿੱਤੇ ਗਏ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖ ਕੇ ਵਾਕ ਬਣਾਓ: (2)

ੳ) ਨਿਰਾਦਰ ਅ) ਸਸਤਾ

9) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ: (3)

ੳ) ਜਿਸ ਕੋਲ ਬਹੁਤ ਧਨ ਹੋਵੇ

ਅ) ਜੋ ਦਿਲ ਖੋਲ੍ਹ ਕੇ ਦਾਨ ਕਰੇ

ੲ) ਜੋ ਪਰਮਾਤਮਾ ਨੂੰ ਨਾ ਮੰਨਦਾ ਹੋਵੇ

ਸ) ਦੂਸਰਿਆਂ ਨਾਲ ਬੀਤੀ ਘਟਨਾ

ਹ) ਜਦੋਂ ਲੰਬਾ ਸਮਾਂ ਮੀਂਹ ਨਾ ਪਵੇ

ਕ) ਜਿਹੜਾ ਦੂਸਰਿਆਂ ਦੇ ਦੁੱਖ ਨੂੰ ਸਮਝਦਾ ਹੋਵੇ

10) ਹੇਠਾਂ ਦਿੱਤੇ ਗਏ ਮੁਹਾਵਰਿਆਂ ਦੇ ਅਰਥ ਲਿਖੋ: (5)

ੳ) ਚਾਂਦੀ ਦੀ ਜੁੱਤੀ ਮਾਰਨੀ ਅ) ਅੱਖ ਲੱਗਣੀ ੲ) ਹੱਥ ਅੱਡਣਾ

ਸ) ਉਂਗਲ ਕਰਨੀ ਹ) ਹਰਨ ਹੋ ਜਾਣਾ ਕ) ਸਾਹ ਸੁੱਕਣਾ

ਖ) ਉਸਤਾਦੀ ਕਰਨੀ ਗ) ਗਦ-ਗਦ ਹੋਣਾ ਘ) ਅੱਖਾਂ ਫੇਰ ਲੈਣਾ

ਙ) ਉੱਲੂ ਬਣਾਉਣਾ

11) ਹੇਠਾਂ ਦਿੱਤੇ ਗਏ ਮੂਲ ਸ਼ਬਦਾਂ ਨੂੰ ਅਗੇਤਰ ਲਗਾ ਕੇ ਸ਼ਬਦ ਦੁਬਾਰਾ ਲਿਖੋ: (5)

ੳ) ਭਾਗ ਅ) ਹਾਜ਼ਰ ੲ) ਕਾਨੂੰਨੀ ਸ) ਨਾਮ ਹ) ਜੀਵਨੀ

ਕ) ਸ਼ਬਦ ਖ) ਉਮਰ ਗ) ਜਵਾਬ ਘ) ਅਕਲ ਙ) ਮੰਤਰੀ

12) ਲੇਖ: 'ਚੰਗੇ ਵਿਦਿਆਰਥੀ ਦੇ ਗੁਣ' ਪੰਦਰਾਂ ਸਤਰਾਂ ਦਾ ਪੈਰ੍ਹਾ ਲਿਖੋ: (8)

13) ਸਕੂਲ ਦੇ ਮੁੱਖ ਅਧਿਆਪਕ ਨੂੰ ਬਿਮਾਰੀ ਛੁੱਟੀ ਲੈਣ ਵਾਸਤੇ ਬਿਨੈ ਪੱਤਰ ਲਿਖੋ। (5)

14) ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਪਾਠ ਦੇ ਅਧਾਰ 'ਤੇ ਇੱਕ ਸਤਰ ਵਿੱਚ ਦਿਓ। (10)

ੳ) ਕਵਿਤਾ ਅਨੁਸਾਰ ਸਾਡਾ ਬਚਪਨ ਕਿੰਨੇ ਦਿਨਾਂ ਦਾ ਹੈ?

ਅ) ਬਾਬੇ ਬਗੀਚੇ ਦਾ ਪਰਿਵਾਰ ਕਿਸ ਨੂੰ ਸ਼ੁੱਧ ਬਣਾਉਣ ਵਿੱਚ ਯੋਗਦਾਨ ਪਾ ਰਿਹਾ ਹੈ।

ੲ) ਬੱਚਿਆਂ ਨੂੰ ਵੱਡਿਆਂ ਦਾ ਕੀ ਕਰਨਾ ਚਾਹੀਦਾ ਹੈ?

ਸ) ਘਰੋਂ ਲਿਆਂਦਾ ਖਾਣਾ ਖਾਣ ਤੋਂ ਬਾਅਦ ਵਿਦਿਆਰਥੀ ਕਿਸ ਵੱਲ ਦੌੜਦੇ ਹਨ?

ਹ) ਬਾਬੇ ਬਗੀਚੇ ਦਾ ਕਿਸ ਨਾਲ ਮੋਹ ਹੈ?

ਕ) ਰਵੀ ਕਿਹੜੀ ਜਮਾਤ ਵਿੱਚ ਪੜ੍ਹਦਾ ਸੀ?

ਖ) ਰਵੀ ਕਿਹੜੇ-ਕਿਹੜੇ ਅੰਗਾਂ ਤੋਂ ਅਪਾਹਜ ਸੀ?

ਗ) ਅੱਧੀ ਛੁੱਟੀ ਦਾ ਕੀ ਅਰਥ ਹੈ?

ਘ) ਚੰਗੇ ਬੱਚੇ ਕੀ ਨਹੀਂ ਬੋਲਦੇ?

ਙ) ਲੜਾਈ ਹੋ ਜਾਣ 'ਤੇ ਅਧਿਆਪਕ ਵਿਦਿਆਰਥੀਆਂ ਵਿੱਚ ਕੀ ਕਰਵਾ ਦਿੰਦੇ ਹਨ?

15) ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਤਿੰਨ ਚਾਰ ਸਤਰਾਂ ਵਿੱਚ ਦਿਓ: (8)

ੳ) ਝੂਠ ਬੋਲਣ ਦੇ ਕੀ-ਕੀ ਨੁਕਸਾਨ ਹਨ?

ਅ) ਲੋਕਾਂ ਦੁਆਰਾ ਪੌਦਿਆਂ ਦੇ ਪੈਸੇ ਪੁੱਛਣ 'ਤੇ ਬਾਬਾ ਬਗੀਚਾ ਕੀ ਜਵਾਬ ਦਿੰਦਾ ਸੀ?

ੲ) ਜੱਜਾਂ ਨੇ ਰਵੀ ਬਾਰੇ ਕੀ ਕਿਹਾ?

ਸ) ਅੱਧੀ ਛੁੱਟੀ ਵੇਲੇ ਵਿਦਿਆਰਥੀ ਕੀ-ਕੀ ਕਰਦੇ ਹਨ?

16) ਅਣਡਿੱਠਾ ਪੈਰ੍ਹਾ (5)

ਮਨਪ੍ਰੀਤ ਇੱਕ ਹੋਣਹਾਰ ਬਾਲਕ ਸੀ। ਉਹ ਪੜ੍ਹਨ ਵਿੱਚ ਬਹੁਤ ਹੁਸ਼ਿਆਰ ਸੀ। ਉਹ ਰੋਟੀ ਤਾਂ ਸਹੀ ਤਰੀਕੇ ਨਾਲ ਖਾ ਲੈਂਦਾ ਸੀ, ਪਰ ਉਸਨੂੰ ਫ਼ਲ ਚੰਗੇ ਨਹੀ ਲੱਗਦੇ ਸਨ। ਫ਼ਲਾਂ ਦੀ ਮਹੱਤਤਾ ਦੱਸਣ ਲਈ ਉਸਦੇ ਪਾਪਾ ਉਸਨੂੰ ਫ਼ਲਾਂ ਦੀ ਦੁਕਾਨ 'ਤੇ ਲੈ ਕੇ ਗਏ। ਮਨਪ੍ਰੀਤ ਅਜੇ ਸੋਚ ਹੀ ਰਿਹਾ ਸੀ ਕਿ ਉਹ ਕਿਹੜਾ ਫ਼ਲ ਖਰੀਦੇ। ਅਚਾਨਕ ਇੱਕ ਪੇਟੀ ਵਿੱਚੋਂ ਸੇਬ ਆਪਣਾ ਮੂੰਹ ਕੱਢ ਕੇ ਕਹਿਣ ਲੱਗਾ, ''ਵੇਖੋ ਜੀ, ਮੈਂ ਲਾਲ ਰੰਗ ਦਾ ਸੇਬ ਹਾਂ।' ਮੇਰੇ ਵਿੱਚ ਸਿਹਤ ਨੂੰ ਠੀਕ ਰੱਖਣ ਦੇ ਅਨੇਕਾਂ ਗੁਣ ਹੁੰਦੇ ਹਨ। ਜੇਕਰ ਤੁਸੀਂ ਹਰ ਰੋਜ਼ ਇੱਕ ਸੇਬ ਖਾਂਦੇ ਹੋ ਤਾਂ ਤੁਸੀਂ ਕਦੇ ਬਿਮਾਰ ਨਹੀਂ ਹੋਵੋਗੇ।'' ਮਨਪ੍ਰੀਤ ਅਜੇ ਸੇਬ ਦੀਆਂ ਗੱਲਾਂ ਸੁਣ ਹੀ ਰਿਹਾ ਸੀ ਕਿ ਅੰਬ ਬੋਲ ਪਿਆ, ''ਵੇਖੋ ਮੇਰਾ ਰੰਗ ਕਿੰਨਾ ਸੁਹਣਾ ਹੈ। ਮੈਨੂੰ ਖਾਣ ਨਾਲ ਸਰੀਰ ਨੂੰ ਬਹੁਤ ਤਾਕਤ ਮਿਲਦੀ ਹੈ। ਤੁਸੀਂ ਮੈਨੂੰ ਕੱਟ ਕੇ ਜਾਂ ਮੈਂਗੋ ਸ਼ੇਕ ਬਣਾ ਕੇ ਪੀ ਸਕਦੇ ਹੋ।'' ਅੰਬ ਅਜੇ ਬੋਲ ਹੀ ਰਿਹਾ ਸੀ ਕਿ ਅੰਗੂਰ ਬੋਲ ਪਿਆ, ਮੇਰੇ ਤੋਂ ਗੁਲੂਕੋਜ਼ ਤਿਆਰ ਹੁੰਦਾ ਹੈ। ਇਸਨੂੰ ਪੀਦੇ ਸਾਰ ਹੀ ਸਰੀਰ ਵਿੱਚ ਚੁਸਤੀ ਆ ਜਾਂਦੀ ਹੈ। ਇਸਤਰ੍ਹਾਂ

ਮਨਪ੍ਰੀਤ ਨੇ ਸਾਰੇ ਫ਼ਲਾਂ ਦੇ ਗੁਣਾਂ ਬਾਰੇ ਜਾਣਿਆ। ਹੁਣ ਉਸਨੇ ਫੈਸਲਾ ਕੀਤਾ ਕਿ ਉਹ ਅੱਜ ਤੋਂ ਹੀ ਫ਼ਲ ਖਾਣੇ ਸ਼ੁਰੂ ਕਰੇਗਾ।

ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਪੈਰ੍ਹੇ ਦੇ ਅਧਾਰ 'ਤੇ ਦਿਓ:

1) ਮਨਪ੍ਰੀਤ ਪੜ੍ਹਨ ਵਿੱਚ ਕਿਹੋ-ਜਿਹਾ ਸੀ?

2) ਮਨਪ੍ਰੀਤ ਨੂੰ ਕੀ ਖਾਣਾ ਚੰਗਾ ਨਹੀਂ ਲੱਗਦਾ ਸੀ?

3) ਮੈਂਗੋ ਸ਼ੇਕ ਕਿਹੜੇ ਫ਼ਲ ਤੋਂ ਬਣਦਾ ਹੈ?

4) ਇਸ ਪੈਰ੍ਹੇ ਦਾ ਢੁੱਕਵਾਂ ਸਿਰਲੇਖ ਲਿਖੋ।

5) ਅੰਗੂਰ ਫ਼ਲ ਤੋਂ ਕੀ ਤਿਆਰ ਹੁੰਦਾ ਹੈ?

17) ਅਣਡਿੱਠੀ ਕਵਿਤਾ (5)

ਅੱਜ ਅਸਾਡੇ ਪਿੰਡ ਹੈ ਮੰਤਰੀ ਜੀ ਨੇ ਆਉਣਾ,
ਪਿੰਡ ਵਾਲਿਆਂ ਨੇ ਉਨ੍ਹਾਂ ਨੂੰ ਜੀ ਆਇਆਂ ਹੈ ਕਹਿਣਾ।
ਪਿੰਡ ਦੀ ਖ਼ਾਤਰ ਉਨ੍ਹਾਂ ਨੇ ਕੰਮ ਕਈ ਨੇ ਕਰਾਏ,
ਸਕੂਲ, ਹਸਪਤਾਲ, ਸੜਕਾਂ ਤੇ ਕਈ ਪੁਲ ਬਣਾਏ।
ਪਿੰਡ ਵਾਲਿਆਂ ਖੁੱਲ੍ਹੀ ਥਾਂ ਹੈ ਸ਼ਾਮਿਆਨਾ ਲਾਇਆ,
ਸੋਫ਼ੇ, ਕੁਰਸੀਆਂ ਰੱਖ ਕੇ ਅੱਗੇ ਇਸਨੂੰ ਖ਼ੂਬ ਸਜਾਇਆ।
ਇੱਕ ਵੱਡੇ ਸਾਰੇ ਮੰਚ ਦੇ ਉੱਤੇ ਲਾਊਡ ਸਪੀਕਰ ਲਾਇਆ,
ਮੰਤਰੀ ਜੀ ਨੇ ਆਉਣਾ ਉੱਥੇ ਵਾਰ-ਵਾਰ ਫ਼ਰਮਾਇਆ।
ਮੰਤਰੀ ਜੀ ਨੂੰ ਮਿਲਣ ਵਾਸਤੇ ਸਾਰੇ ਸਜ-ਧਜ ਆਏ,
ਕੁਰਸੀਆਂ ਉੱਤੇ ਆਣ ਬੈਠ ਗਏ, ਜਸ਼ਨ ਸੀ ਖ਼ੂਬ ਮਨਾਏ।

ਹੇਠਾਂ ਦਿੱਤੇ ਗਏ ਪ੍ਰਸ਼ਨਾਂ ਦੇ ਉੱਤਰ ਕਵਿਤਾ ਦੇ ਅਧਾਰ 'ਤੇ ਦਿਓ:

ੳ) ਦਿੱਤੀ ਗਈ ਕਵਿਤਾ ਦਾ ਢੁੱਕਵਾਂ ਸਿਰਲੇਖ ਲਿਖੋ।

ਅ) ਪਿੰਡ ਵਾਲਿਆਂ ਨੇ ਕਿਸਨੂੰ ਜੀ ਆਇਆਂ ਕਹਿਣਾ ਹੈ?

ੲ) ਮੰਤਰੀ ਜੀ ਨੇ ਪਿੰਡ ਲਈ ਕਿਹੜੇ-ਕਿਹੜੇ ਕੰਮ ਕੀਤੇ ਹਨ?

ਸ) ਵੱਡੇ ਮੰਚ ਉੱਤੇ ਕੀ ਲਗਾਇਆ ਗਿਆ ਹੈ?

ਹ) ਪਿੰਡ ਵਾਲਿਆਂ ਨੇ ਸ਼ਾਮਿਆਨਾ ਕਿੱਥੇ ਲਗਾਇਆ ਹੈ?

18) ਦਿੱਤੀ ਹੋਈ ਤਸਵੀਰ ਵੇਖ ਕੇ ਪੰਜ ਸਤਰਾਂ ਲਿਖੋ: (5)

